ਪੰਜਾਬੀ
(Punjabi)

# ਨਾਮ ਦਰਜ ਕਰੋ ਅਤੇ ਰਾਜ ਦੀਆਂ 2026 ਚੋਣਾਂ ਵਿੱਚ ਵੋਟ ਪਾਓ

Electoral Commission SOUTH AUSTRALIA

## ਰਾਜ ਦੀਆਂ ਚੋਣਾਂ ਬਾਰੇ

ਰਾਜ ਦੀ ਚੋਣ ਇਸ ਲਈ ਹੁੰਦੀ ਹੈ ਕਿ ਸਾਊਥ ਆਸਟ੍ਰੇਲੀਆ ਦੇ ਲੋਕ ਇਹ ਚੁਣਦੇ ਹਨ ਕਿ ਸਾਊਥ ਆਸਟ੍ਰੇਲੀਆ ਦੀ ਸੰਸਦ ਵਿੱਚ ਕੌਣ ਰਾਜ ਕਰੇਗਾ। ਇਹ ਹਰ 4 ਸਾਲਾਂ ਬਾਅਦ ਮਾਰਚ ਦੇ ਤੀਜੇ ਸ਼ਨੀਵਾਰ ਨੂੰ ਹੁੰਦੀ ਹੈ।

## ਮੈਂ ਵੋਟ ਪਾਉਣ ਲਈ ਆਪਣਾ ਨਾਮ ਕਿਵੇਂ ਦਰਜ ਕਰਾਂ?

ਜਦ ਤੁਸੀਂ ਨਾਮ ਦਰਜ ਕਰਦੇ ਹੋ, ਤਾਂ ਅਸੀਂ ਤੁਹਾਡਾ ਨਾਮ ਉਨ੍ਹਾਂ ਲੋਕਾਂ ਦੀ ਸੂਚੀ ਵਿੱਚ ਦਰਜ ਕਰਦੇ ਹਾਂ ਜੋ ਵੋਟ ਪਾ ਸਕਦੇ ਹਨ। ਜਦੋਂ ਤੁਸੀਂ ਵੋਟ ਪਾਉਂਦੇ ਹੋ, ਤਾਂ ਤੁਸੀਂ ਚੁਣਦੇ ਹੋ ਕਿ ਕੌਣ ਸੰਸਦ ਦਾ ਹਿੱਸਾ ਬਣੇਗਾ।

ਨਾਮ ਦਰਜ ਕਰਨਾ ਜਾਂ ਆਪਣੇ ਵੇਰਵਿਆਂ ਨੂੰ ਨਵਿਆਉਣਾ ਸੌਖਾ ਹੈ। ਸਾਡੀ ਵੈੱਬਸਾਈਟ 'ਤੇ ਜਾਓ:
ecsa.sa.gov.au
ਮੁਫ਼ਤ ਫ਼ੋਨ: 1300 655 232

**ਤੁਹਾਡਾ ਵੋਟ ਪਾਉਣ ਲਈ ਨਾਮ ਦਰਜ ਕਰਵਾਉਣਾ ਲਾਜ਼ਮੀ ਹੈ ਜੇ ਤੁਸੀਂ:**

- **ਸਾਊਥ ਆਸਟ੍ਰੇਲੀਆ ਵਿੱਚ ਘੱਟੋ-ਘੱਟ ਇੱਕ ਮਹੀਨੇ ਲਈ ਰਹੇ ਹੋ।**
- **18 ਸਾਲ ਤੋਂ ਵੱਧ ਉਮਰ ਦੇ ਹੋ**
- **ਆਸਟ੍ਰੇਲੀਆ ਦੇ ਨਾਗਰਿਕ ਹੋ**

ਨਾਮ ਦਰਜ ਕਰਵਾਉਣਾ ਸਾਰੀਆਂ ਰਾਜਾਂ, ਕੇਂਦਰੀ ਅਤੇ ਸਥਾਨਕ ਚੋਣਾਂ ਲਈ ਵੈਧ ਹੁੰਦਾ ਹੈ।
ਜੇ ਤੁਸੀਂ ਘਰ ਬਦਲਦੇ ਹੋ ਜਾਂ ਆਪਣਾ ਨਾਮ ਬਦਲਦੇ ਹੋ ਤਾਂ ਆਪਣੇ ਵੇਰਵਿਆਂ ਨੂੰ ਨਵਿਆਉਣਾ ਯਾਦ ਰੱਖੋ।

## ਮੈਂ ਪੋਲਿੰਗ ਬੂਥ 'ਤੇ ਵੋਟ ਕਿਵੇਂ ਪਾਵਾਂ?

ਜਦ ਤੁਸੀਂ ਚਾਹੁੰਦੇ ਹੋ ਤਾਂ ਵੋਟ ਪਾਉਣ ਲਈ ਤੁਹਾਡੇ ਕੋਲ ਕਈ ਸਾਰੇ ਸੁਵਿਧਾਜਨਕ ਵਿਕਲਪ ਹਨ। ਇਨ੍ਹਾਂ ਵਿੱਚ ਚੋਣਾਂ ਵਾਲੇ ਦਿਨ ਵੋਟ ਪਾਉਣਾ ਜਾਂ ਚੋਣਾਂ ਤੋਂ ਪਹਿਲਾਂ ਵਾਲੇ ਚੋਣ ਕੇਂਦਰ ਵਿੱਚ ਜਲਦੀ ਵੋਟ ਪਾਉਣਾ ਜਾਂ ਡਾਕ ਦੁਆਰਾ ਵੋਟ ਪਾਉਣ ਲਈ ਅਰਜ਼ੀ ਦੇਣਾ ਸ਼ਾਮਲ ਹੈ। ਜਿੱਥੇ ਤੁਸੀਂ ਰਹਿੰਦੇ ਹੋ ਉਸ ਦੇ ਨੇੜਲੇ ਪੋਲਿੰਗ ਬੂਥ ਵਿੱਚ ਚੋਣ ਵਾਲੇ ਦਿਨ ਵੋਟ ਪਾਉਣਾ ਸਭ ਤੋਂ ਸੌਖਾ ਤਰੀਕਾ ਹੈ।

ਜੇ ਤੁਸੀਂ ਠੀਕ ਤਰ੍ਹਾਂ ਚੱਲ-ਫਿਰ ਨਹੀਂ ਸਕਦੇ ਜਾਂ ਅਪਾਹਜ ਹੋ, ਜਾਂ ਕਿਸੇ ਅਜਿਹੇ ਵਿਅਕਤੀ ਦੀ ਦੇਖਭਾਲ ਕਰਦੇ ਹੋ ਜਿਨ੍ਹਾਂ ਨੂੰ ਇਹ ਹੈ, ਤਾਂ ਤੁਸੀਂ ecsa.sa.gov.au 'ਤੇ ਪੋਲਿੰਗ ਬੂਥਾਂ ਦੀ ਪਹੁੰਚਯੋਗਤਾ ਦੇ ਵੇਰਵਿਆਂ ਦੀ ਜਾਂਚ ਕਰ ਸਕਦੇ ਹੋ।

ਚੋਣ ਵਾਲੇ ਦਿਨ ਤੋਂ ਪਹਿਲਾਂ, ਸਾਊਥ ਆਸਟ੍ਰੇਲੀਆ ਦਾ ਚੋਣ ਕਮਿਸ਼ਨ ਤੁਹਾਨੂੰ ਨਜ਼ਦੀਕੀ ਪੋਲਿੰਗ ਬੂਥਾਂ ਦੇ ਟਿਕਾਣਿਆਂ ਬਾਰੇ ਲਿਖ ਕੇ ਜਾਣਕਾਰੀ ਭੇਜੇਗਾ।

ਜਦੋਂ ਤੁਸੀਂ ਵੋਟ ਪਾਉਣ ਆਉਂਦੇ ਹੋ ਤਾਂ ਤੁਹਾਨੂੰ ਆਪਣੇ ਨਾਲ ਲਿਆਉਣ ਲਈ ਇੱਕ ਇਜ਼ੀ-ਵੋਟ (EasyVote) ਕਾਰਡ ਪ੍ਰਾਪਤ ਹੋਵੇਗਾ।
ਤੁਸੀਂ ਪੋਲਿੰਗ ਬੂਥਾਂ ਬਾਰੇ ਜਾਣਕਾਰੀ ecsa.sa.gov.au 'ਤੇ ਵੀ ਹਾਸਲ ਕਰ ਸਕਦੇ ਹੋ।

**ਪੋਲਿੰਗ ਬੂਥ ਖੁੱਲ੍ਹਣ ਦਾ ਸਮਾਂ: ਚੋਣਾਂ ਵਾਲੇ ਦਿਨ ਸਵੇਰੇ 8:00 ਵਜੇ ਤੋਂ ਸ਼ਾਮ 6:00 ਵਜੇ ਤੱਕ।**

1. **ਜਦੋਂ ਤੁਸੀਂ ਕਿਸੇ ਪੋਲਿੰਗ ਬੂਥ ਵਿੱਚ ਪਹੁੰਚਦੇ ਹੋ, ਤਾਂ ਤੁਹਾਨੂੰ ਤੁਹਾਡਾ ਨਾਮ, ਪਤਾ ਅਤੇ *"ਕੀ ਤੁਸੀਂ ਇਸ ਚੋਣ ਵਿੱਚ ਪਹਿਲਾਂ ਵੋਟ ਪਾਈ ਹੈ?"* ਬਾਰੇ ਪੁੱਛਿਆ ਜਾਵੇਗਾ।**


ਆਪਣੀ ਪਛਾਣ ਨੂੰ ਵਧੇਰੇ ਸੌਖਾ ਅਤੇ ਤੇਜ਼ ਬਣਾਉਣ ਲਈ, ਤੁਸੀਂ ਆਪਣੇ ਨਾਮ ਅਤੇ ਪਤੇ ਦੇ ਨਾਲ ਆਪਣਾ ਇਜ਼ੀ-ਵੋਟ ਕਾਰਡ ਜਾਂ ਕੋਈ ਹੋਰ ਦਸਤਾਵੇਜ਼ ਲਿਆ ਸਕਦੇ ਹੋ।

2. **ਵੋਟਰ ਸੂਚੀ ਵਿੱਚ ਤੁਹਾਡਾ ਨਾਮ ਜਾਂਚਿਆ ਜਾਵੇਗਾ ਅਤੇ ਤੁਹਾਨੂੰ ਦੋ ਵੋਟਾਂ (ਬੈਲਟ ਪੇਪਰ) ਮਿਲਣਗੀਆਂ: ਇੱਕ ਵਿਧਾਨ ਸਭਾ ਲਈ (ਹਰੇ ਰੰਗ ਦੀ) ਅਤੇ ਇੱਕ ਵਿਧਾਨ ਪ੍ਰੀਸ਼ਦ ਲਈ (ਚਿੱਟੇ ਰੰਗ ਦੀ)।**


3. **ਵੋਟਾਂ ਨੂੰ ਵੋਟ ਪਾਉਣ ਵਾਲੇ ਖੇਤਰ ਵਿੱਚ ਲੈ ਜਾਓ ਜਿੱਥੇ ਤੁਸੀਂ ਓਹਲੇ ਵਿੱਚ ਆਪਣੀ ਵੋਟ ਵਿੱਚ ਨੰਬਰ ਭਰ ਸਕਦੇ ਹੋ।**

ਤੁਹਾਡੀ ਵੋਟ ਗੁਪਤ ਰਹਿੰਦੀ ਹੈ। ਪਰ ਜੇ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਚੋਣ ਅਮਲੇ ਵਿੱਚੋਂ ਕਿਸੇ ਨੂੰ ਪੁੱਛੋ।

4. **ਇੱਕ ਵਾਰ ਜਦੋਂ ਤੁਸੀਂ ਆਪਣੀਆਂ ਵੋਟਾਂ ਨੂੰ ਭਰ ਲੈਂਦੇ ਹੋ, ਤਾਂ ਉਨ੍ਹਾਂ ਨੂੰ ਵੋਟਾਂ ਵਾਲੇ ਬਕਸਿਆਂ ਵਿੱਚ ਪਾਓ।**



# ਵੋਟਾਂ ਉਪਰ ਨੰਬਰ ਕਿਵੇਂ ਭਰਨੇ ਹਨ


South Australia

Issuing Officer Initials

**Ballot Paper**

Election of one Member for the House of Assembly

**DISTRICT**

**Number the squares from 1 to 4 in the order of your choice.**

You are not legally obliged to mark the ballot paper.

| | | |
|---|---|---|
| ☐ | CANDIDATE Name | Political Party or Independent |
| ☐ | CANDIDATE Name | Political Party or Independent |
| ☐ | CANDIDATE Name | Political Party or Independent |
| ☐ | CANDIDATE Name | Political Party or Independent |

After voting, fold the ballot paper and place it in the ballot box or declaration envelope

## ਤੁਹਾਨੂੰ ਦੋ ਵੋਟਾਂ ਮਿਲਣਗੀਆਂ:

## 1. ਵਿਧਾਨ ਸਭਾ ਦੀ ਹਰੇ ਰੰਗ ਦੀ ਵੋਟ

ਵਿਧਾਨ ਸਭਾ ਦੀ ਹਰੇ ਰੰਗ ਦੀ ਵੋਟ ਉਪਰ, ਤੁਹਾਨੂੰ ਕਿਸੇ ਵੀ ਤਰਤੀਬ ਵਿੱਚ ਲਗਾਤਾਰ ਨੰਬਰ ਵਰਤ ਕੇ ਹਰੇਕ ਡੱਬੇ ਵਿੱਚ ਇੱਕ ਨੰਬਰ ਲਿਖਣਾ ਚਾਹੀਦਾ ਹੈ।

1. **ਜਿਸ ਉਮੀਦਵਾਰ ਨੂੰ ਤੁਸੀਂ ਆਪਣੀ ਪਹਿਲੀ ਪਸੰਦ ਵਜੋਂ ਦਰਸਾਉਣਾ ਚਾਹੁੰਦੇ ਹੋ ਉਸ ਦੇ ਸਾਹਮਣੇ ਵਾਲੇ ਡੱਬੇ ਵਿੱਚ ਨੰਬਰ '1' ਲਿਖੋ।**
2. **ਆਪਣੀ ਦੂਜੀ ਪਸੰਦ ਦੇ ਸਾਹਮਣੇ ਨੰਬਰ '2' ਲਿਖੋ।**
3. **ਆਪਣੀ ਤੀਜੀ ਪਸੰਦ ਦੇ ਸਾਹਮਣੇ ਨੰਬਰ '3' ਲਿਖੋ।**

. . . **ਅਤੇ ਇਸ ਤਰ੍ਹਾਂ ਜਦੋਂ ਤੱਕ ਤੁਸੀਂ ਹਰੇਕ ਡੱਬੇ ਵਿੱਚ ਨੰਬਰ ਨਹੀਂ ਲਿਖ ਦਿੰਦੇ।**

ਜੇ ਤੁਸੀਂ ਕੋਈ ਗ਼ਲਤੀ ਕਰਦੇ ਹੋ, ਤਾਂ ਚਿੰਤਾ ਨਾ ਕਰੋ। ਗ਼ਲਤੀ ਉਪਰ ਇੱਕ ਲਕੀਰ ਵਾਹੋ ਅਤੇ ਇਸ ਦੇ ਨਾਲ ਸਹੀ ਜਾਣਕਾਰੀ ਲਿਖੋ, ਜਾਂ ਤੁਸੀਂ ਕਿਸੇ ਚੋਣ ਅਧਿਕਾਰੀ ਨੂੰ ਬਦਲਵੀਂ ਵੋਟ ਦੇਣ ਲਈ ਕਹਿ ਸਕਦੇ ਹੋ।

**ਜੇ ਤੁਸੀਂ ਕੋਈ ਗ਼ਲਤੀ ਕਰਦੇ ਹੋ, ਤਾਂ ਹਮੇਸ਼ਾ ਅਮਲੇ ਨੂੰ ਮਦਦ ਲਈ ਪੁੱਛੋ**

# 2. ਵਿਧਾਨ ਪ੍ਰੀਸ਼ਦ ਦੀ ਚਿੱਟੇ ਰੰਗ ਦੀ ਵੋਟ

ਇੱਥੇ 2 ਤਰੀਕੇ ਹਨ ਜਿਸ ਰਾਹੀਂ ਤੁਸੀਂ ਵੋਟ ਪਾ ਸਕਦੇ ਹੋ - ਮੋਟੀ ਲਕੀਰ ਦੇ ਉੱਪਰ ਜਾਂ ਲਕੀਰ ਦੇ ਹੇਠਾਂ - ***ਪਰ ਦੋਵੇਂ ਨਹੀਂ।***


## ਮੋਟੀ ਲਕੀਰ ਤੋਂ ਉੱਪਰ ਵੋਟ ਪਾਉਣਾ:

ਜੇ ਤੁਸੀਂ ਮੋਟੀ ਲਕੀਰ ਤੋਂ ਉੱਪਰ ਵੋਟ ਪਾਉਣ ਦੀ ਚੋਣ ਕਰਦੇ ਹੋ:

1. **ਉਸ ਪਾਰਟੀ ਜਾਂ ਉਮੀਦਵਾਰਾਂ ਦੇ ਸਮੂਹ ਦੇ ਸਾਹਮਣੇ ਵਾਲੇ ਡੱਬੇ ਵਿੱਚ ਨੰਬਰ '1' ਲਿੱਖੋ ਜੋ ਤੁਹਾਡੀ ਪਹਿਲੀ ਪਸੰਦ ਹੈ।**
2. **ਆਪਣੀ ਦੂਜੀ ਪਸੰਦ ਦੇ ਸਾਹਮਣੇ ਨੰਬਰ '2' ਲਿਖੋ,** ਅਤੇ ਇਸ ਤਰ੍ਹਾਂ ਜਿੰਨੀਆਂ ਵੀ ਪਾਰਟੀਆਂ ਜਾਂ ਉਮੀਦਵਾਰਾਂ ਦੇ ਸਮੂਹਾਂ ਨੂੰ ਤੁਸੀਂ ਪਸੰਦ ਕਰਦੇ ਹੋ, ਨੰਬਰ ਲਿਖਦੇ ਜਾਓ।

ਤੁਹਾਨੂੰ ਹਰੇਕ ਡੱਬੇ ਵਿੱਚ ਨੰਬਰ ਲਿਖਣ ਦੀ ਜ਼ਰੂਰਤ ਨਹੀਂ ਹੈ। ਬਾਕੀ ਦੀ ਵੋਟ ਨੂੰ ਖਾਲੀ ਛੱਡ ਦਿਓ। ਮੋਟੀ ਲਕੀਰ ਦੇ ਹੇਠਾਂ ਨਿਸ਼ਾਨ ਨਾ ਲਗਾਓ।

ਮੋਟੀ ਲਕੀਰ ਤੋਂ ਉੱਪਰ ਵੋਟ ਪਾਉਣ ਨਾਲ, ਤੁਹਾਡੀ ਵੋਟ ਤੁਹਾਡੇ ਦੁਆਰਾ ਚੁਣੇ ਗਏ ਸਮੂਹ (ਜਾਂ ਸਮੂਹਾਂ) ਦੇ ਉਮੀਦਵਾਰਾਂ ਨੂੰ ਜਾਵੇਗੀ।



South Australia, 2026 Election

**Ballot Paper for the Election of 11 Legislative Councillors**

You may vote in one of two ways. You are not legally obliged to mark the ballot paper.

**If you vote ABOVE the line**

If you vote above the line write the number 1 in the square next to the group of your choice. You can show more choices if you want to by writing numbers in other squares starting with the number 2.
Do not write any numbers below the line.

| A | B | C | D | E |
|---|---|---|---|---|
| Environment First Party | Shine Australia | The People's Party | Farmer's Alliance | Southern Cross Party |

**OR**

**If you vote BELOW the line**

If you vote below the line write the numbers 1 to 12 in the squares next to the names of the candidates in the order of your choice. You can show more choices if you want to by continuing to write numbers in more squares. You don't need to write a number in every square.
Do not write any numbers above the line.

| A | B | C | D | E |
|---|---|---|---|---|
| Lauren Hall | Finn Robinson | Anita Holland | Winston Barker | Naomi Lee |
| Tony Matic | Latika Fischer | Joshua McCall | Nina Harris | Felix Barker |
| Jane Nguyen | Andy McMahon | Imane Caskey | John Thompson | Jennie Rodriguez |
| Oliver Bloom | Helen Park | Ahren Patel | Rachel McKinnon | Rory Lane |
| Sasha Crown | James Ludwig | Vanessa Hollow | Jeremy Choi | Katrina Sebastian |
| Travis Alves | Ophelia Knight | Porter Smith | Courtney Wilson | Noah Stringer |

Issuing Officer Initials

After voting, fold the ballot paper and place it in the ballot box or in the envelope provided.

## ਮੋਟੀ ਲਕੀਰ ਦੇ ਹੇਠਾਂ ਵੋਟ ਪਾਉਣਾ:


ਜੇ ਤੁਸੀਂ ਮੋਟੀ ਲਕੀਰ ਤੋਂ ਹੇਠਾਂ ਵੋਟ ਪਾਉਣ ਦੀ ਚੋਣ ਕਰਦੇ ਹੋ:

1. **ਉਸ ਉਮੀਦਵਾਰ ਦੇ ਸਾਹਮਣੇ ਵਾਲੇ ਡੱਬੇ ਵਿੱਚ ਨੰਬਰ '1' ਲਿਖੋ ਜੋ ਤੁਹਾਡੀ ਪਹਿਲੀ ਪਸੰਦ ਹੈ।**
2. **ਉਸ ਉਮੀਦਵਾਰ ਦੇ ਸਾਹਮਣੇ ਵਾਲੇ ਡੱਬੇ ਵਿੱਚ ਨੰਬਰ '2' ਲਿਖੋ ਜੋ ਤੁਹਾਡੀ ਦੂਜੀ ਪਸੰਦ ਹੈ,**
3. **ਆਪਣੀ ਪਸੰਦ ਦੇ ਹੋਰ ਉਮੀਦਵਾਰਾਂ ਦੇ ਸਾਹਮਣੇ ਵਾਲੇ ਡੱਬਿਆਂ ਵਿੱਚ ਨੰਬਰ 3, 4, 5, 6 ਲਿਖੋ ਜਦੋਂ ਤੱਕ ਤੁਸੀਂ *ਘੱਟੋ-ਘੱਟ 12 ਉਮੀਦਵਾਰਾਂ* ਦੀ ਚੋਣ ਨਹੀਂ ਕਰ ਲੈਂਦੇ ਹੋ।**

ਤੁਸੀਂ 12 ਤੋਂ ਵੱਧ ਉਮੀਦਵਾਰਾਂ ਲਈ ਨੰਬਰ ਲਿਖਣ ਦੀ ਚੋਣ ਕਰ ਸਕਦੇ ਹੋ।

# ਜੇ ਮੈਂ ਪੋਲਿੰਗ ਬੂਥ 'ਤੇ ਨਹੀਂ ਜਾ ਸਕਦਾ ਤਾਂ ਕੀ ਹੁੰਦਾ ਹੈ?

ਜੇ ਤੁਸੀਂ ਪੋਲਿੰਗ ਬੂਥ 'ਤੇ ਨਹੀਂ ਜਾ ਸਕਦੇ, ਜਾਂ ਜੇ ਤੁਸੀਂ ਰਾਜ ਤੋਂ ਬਾਹਰ ਹੋਵੋਗੇ, ਤਾਂ ਵੋਟ ਪਾਉਣ ਦੇ ਹੋਰ ਤਰੀਕੇ ਹਨ।



## ਡਾਕ ਰਾਹੀਂ ਵੋਟ ਪਾਉਣਾ

ਤੁਸੀਂ ਡਾਕ ਰਾਹੀਂ ਵੋਟ ਵਾਲਾ ਅਰਜ਼ੀ ਫਾਰਮ ਭਰਕੇ ਵੋਟਾਂ ਨੂੰ ਡਾਕ ਰਾਹੀਂ ਤੁਹਾਨੂੰ ਭੇਜਣ ਦੀ ਬੇਨਤੀ ਕਰ ਸਕਦੇ ਹੋ। ਇਹ ਚੋਣਾਂ ਤੋਂ **ਲੱਗਭਗ ਛੇ ਹਫ਼ਤੇ** ਪਹਿਲਾਂ ਉਪਲਬਧ ਹੋਵੇਗਾ।

ecsa.sa.gov.au **'ਤੇ ਸਾਡੀ ਵੈੱਬਸਾਈਟ 'ਤੇ ਜਾਓ**

**ਮੁਫ਼ਤ ਫ਼ੋਨ: 1300 655 232**

ਸਾਊਥ ਆਸਟ੍ਰੇਲੀਆ ਦਾ ਚੋਣ ਕਮਿਸ਼ਨ ਤੁਹਾਡੀ ਅਰਜ਼ੀ 'ਤੇ ਕਾਰਵਾਈ ਕਰੇਗਾ, ਅਤੇ ਚੋਣਾਂ ਤੋਂ ਲੱਗਭਗ ਦੋ ਹਫ਼ਤੇ ਪਹਿਲਾਂ ਵੋਟਾਂ ਡਾਕ ਰਾਹੀਂ ਭੇਜਣੀਆਂ ਸ਼ੁਰੂ ਕਰੇਗਾ।

**ਸਾਊਥ ਆਸਟ੍ਰੇਲੀਆ ਤੋਂ ਬਾਹਰ ਰਹਿੰਦੇ ਲੋਕਾਂ ਲਈ:** ਡਾਕ ਵਾਲੀ ਵੋਟ ਦੀ ਬੇਨਤੀ ਕਰਨ ਦੀ ਆਖਰੀ ਤਾਰੀਖ਼ ਚੋਣਾਂ ਦੇ ਦਿਨ ਤੋਂ 8 ਦਿਨ ਪਹਿਲਾਂ ਹੈ।

**ਸਾਊਥ ਆਸਟ੍ਰੇਲੀਆ ਵਿੱਚ ਰਹਿੰਦੇ ਲੋਕਾਂ ਲਈ:** ਡਾਕ ਵਾਲੀ ਵੋਟ ਦੀ ਬੇਨਤੀ ਕਰਨ ਦੀ ਆਖਰੀ ਤਾਰੀਖ਼ ਚੋਣਾਂ ਦੇ ਦਿਨ ਤੋਂ 4 ਦਿਨ ਪਹਿਲਾਂ ਹੈ।

ਜਦ ਤੁਸੀਂ ਆਪਣੀਆਂ ਵੋਟਾਂ ਪ੍ਰਾਪਤ ਕਰਦੇ ਹੋ, ਤਾਂ ਜਿੰਨੀ ਜਲਦੀ ਹੋ ਸਕੇ ਇਨ੍ਹਾਂ ਨੂੰ ਭਰੋ ਅਤੇ ਡਾਕ ਰਾਹੀਂ ਵਾਪਸ ਭੇਜ ਦਿਓ।

ਚੋਣਾਂ ਕਰਵਾਉਣ ਵਾਲਾ ਅਮਲਾ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਅਤੇ ਚੋਣਾਂ ਵਾਲੇ ਦਿਨ ਕੁਝ ਹਸਪਤਾਲਾਂ ਅਤੇ ਨਰਸਿੰਗ ਹੋਮਾਂ ਦਾ ਦੌਰਾ ਕਰਦਾ ਹੈ।

## ਜੇ ਕਿਸੇ ਹੋਰ ਰਾਜ ਵਿੱਚ ਹੋ ਤਾਂ ਵੋਟ ਪਾਉਣਾ

ਆਸਟ੍ਰੇਲੀਆ ਦੀ ਹਰ ਰਾਜਧਾਨੀ ਵਾਲੇ ਸ਼ਹਿਰ ਵਿੱਚ ਪਹਿਲਾਂ ਵੋਟ ਪਾਉਣ ਵਾਲੇ ਕੇਂਦਰ ਸਥਿਤ ਹੋਣਗੇ। ਪਹਿਲਾਂ ਵੋਟ ਪਾਉਣ ਵਾਲੇ ਕੇਂਦਰਾਂ ਦੇ ਟਿਕਾਣਿਆਂ ਨੂੰ ਵੇਖਣ ਲਈ ਸਾਨੂੰ ਫ਼ੋਨ ਕਰੋ ਜਾਂ ਸਾਡੀ ਵੈੱਬਸਾਈਟ 'ਤੇ ਜਾਓ।

ecsa.sa.gov.au **'ਤੇ ਸਾਡੀ ਵੈੱਬਸਾਈਟ 'ਤੇ ਜਾਓ**

**ਮੁਫ਼ਤ ਫ਼ੋਨ: 1300 655 232**

## ਘੱਟ ਨਜ਼ਰ ਅਤੇ ਅੰਗਾਂ ਨੂੰ ਨਾ ਹਿਲਾ ਸਕਣ ਦੀ ਅਪੰਗਤਾ ਵਾਲੇ ਲੋਕਾਂ ਲਈ ਟੈਲੀਫ਼ੋਨ ਰਾਹੀਂ ਵੋਟ ਪਾਉਣਾ

ਟੈਲੀਫ਼ੋਨ ਰਾਹੀਂ ਵੋਟ ਪਾਉਣ ਲਈ ਸਹਾਇਤਾ ਹੁਣ ਉਨ੍ਹਾਂ ਲੋਕਾਂ ਲਈ ਵੀ ਉਪਲਬਧ ਹੈ ਜੋ ਅੰਗਾਂ ਨੂੰ ਨਾ ਹਿਲਾ ਸਕਣ ਦੀ ਅਪੰਗਤਾ ਵਾਲੇ ਹਨ, ਜਾਂ ਉਨ੍ਹਾਂ ਲੋਕਾਂ ਲਈ ਜੋ ਵੇਖ ਨਹੀਂ ਸਕਦੇ ਜਾਂ ਘੱਟ ਦਿਖਾਈ ਦਿੰਦਾ ਹੈ।

**ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?**
ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS National) ਨੂੰ 131 450 'ਤੇ ਫ਼ੋਨ ਕਰੋ ਅਤੇ ਉਨ੍ਹਾਂ ਨੂੰ ਸਾਊਥ ਆਸਟ੍ਰੇਲੀਆ ਦੇ ਚੋਣ ਕਮਿਸ਼ਨ ਨੂੰ 1300 655 232 'ਤੇ ਸੰਪਰਕ ਕਰਨ ਲਈ ਕਹੋ।

**ਖੁੱਲ੍ਹਣ ਦਾ ਸਮਾਂ: ਸੋਮਵਾਰ-ਸ਼ੁੱਕਰਵਾਰ | ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ**

**ਯਾਦ ਰੱਖੋ – ਵੋਟ ਪਾਉਣਾ ਲਾਜ਼ਮੀ ਹੈ। ਜੇ ਤੁਸੀਂ ਵੋਟ ਨਹੀਂ ਪਾਉਂਦੇ ਤਾਂ ਤੁਹਾਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ।**



**ਜੇ ਤੁਸੀਂ ਵੋਟ ਪਾਉਣ ਤੋਂ ਅਸਮਰੱਥ ਹੋ ਤਾਂ ECSA ਨਾਲ 1300 655 232 'ਤੇ ਸੰਪਰਕ ਕਰੋ।**